(This Question paper contains 2 printed pages) Roll No. _________

**Department of Punjabi**
**University of Delhi**
**Examination Nov-Dec 2025**

| | | |
|---|---|---|
| S.No. of Question Paper | : | 13115 |
| Unique Paper Code | : | 2125001203 |
| Name of the Paper | : | Desh Wand di Punjabi Kavita |
| Type of Paper | : | DSE |
| Semester | : | V |
| Programme | : | B.A (Hons) |
| Duration | : | 3 Hrs. |

Maximum Marks: 90

**Instructions for Candidates**

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ |**

**ਭਾਗ ਪਹਿਲਾ**

1. ਦੇਸ਼ ਵੰਡ ਦੇ ਬੁਨਿਆਦੀ ਕਾਰਣਾਂ ਬਾਰੇ ਦੱਸਦਿਆਂ ਇਸ ਦੇ ਸਮਾਜਕ ਅਤੇ ਆਰਥਿਕ ਪ੍ਰਭਾਵਾਂ ਬਾਰੇ ਦੱਸੋ। 15

ਜਾਂ

ਦੇਸ਼ ਵੰਡ ਦਾ ਮਨੁੱਖੀ ਮਾਨਸਿਕਤਾ ਅਤੇ ਭਾਈਚਾਰੇ ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਚਰਚਾ ਕਰੋ।

**ਭਾਗ ਦੂਜਾ**

2. ਗੁਰਮੁਖ ਸਿੰਘ ਮੁਸਾਫਰ ਦੀ ਕਵਿਤਾ 'ਰਾਵਲਪਿੰਡੀ' ਦੇ ਵਿਸ਼ਾ-ਪੱਖ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ। 15

ਜਾਂ

ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਆਖਾ ਵਾਰਿਸ ਸਾਹ ਨੂੰ' ਦੇ ਕੇਂਦਰੀ ਭਾਵ ਨੂੰ ਚਰਚਾ ਦਾ ਵਿਸ਼ਾ ਬਣਾਓ।

3. ਜਸਵੰਤ ਸਿੰਘ ਨੇਕੀ ਦੀ ਕਵਿਤਾ 'ਕਿਆਮਤ ਦੇਸ਼ ਵੰਡ ਦੀ' ਵਿੱਚ ਕਵੀ ਕਿਹੜੇ ਭਾਵਾਂ ਨੂੰ ਪ੍ਰਗਟ ਕਰਦਾ ਹੈ, ਦੱਸੋ। 10

ਜਾਂ

ਚਰਾਗ਼ਦੀਨ ਦਾਮਨ ਦੁਆਰਾ ਰਚਿਤ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਪੇਸ਼ ਕਰੋ:

ਪਾਕਿਸਤਾਨ ਦੀ ਅਜਬ ਏ ਵੰਡ ਹੋਈ,
ਥੋਹੜਾ ਏਸ ਪਾਸੇ ਥੋਹੜਾ ਓਸ ਪਾਸੇ।
ਕੀ ਇਨ੍ਹਾਂ ਜਰਾਹਾਂ ਇਲਾਜ ਕਰਨਾ,
ਮਰਹਮ ਏਸ ਪਾਸੇ ਫੋੜਾ ਓਸ ਪਾਸੇ।
ਅਸਾਂ ਮੰਜ਼ਿਲ ਮਕਸੂਦ 'ਤੇ ਪਹੁੰਚਣਾ ਕੀਹ,
ਟਾਂਗਾ ਏਸ ਪਾਸੇ ਘੋੜਾ ਓਸ ਪਾਸੇ।
ਏਥੇ ਗ਼ੈਰਤ ਦਾ ਕੀ ਨਿਸ਼ਾਨ ਦਿਸੇ,
ਜੋੜਾ ਏਸ ਪਾਸੇ ਜੋੜਾ ਓਸ ਪਾਸੇ। |

**ਭਾਗ ਤੀਜਾ**

4. ਅਮਿਤੋਜ ਦੀ ਕਵਿਤਾ 'ਲਾਹੌਰ ਦੇ ਨਾਂ ਖ਼ਤ' ਵਿਚ ਕਿਸ ਪ੍ਰਕਾਰ ਦੀ ਸਥਿਤੀ ਦਾ ਬਿਆਨ ਪੇਸ਼ ਕਰਦਾ ਹੈ। ਦੱਸੋ। 15

ਜਾਂ

ਸ. ਸ ਮੀਸ਼ਾ ਦੀ ਕਵਿਤਾ 'ਦੁਸ਼ਮਣੀ ਦੀ ਦਸਤਾਨ' ਦੇ ਕੇਂਦਰੀ ਭਾਵ ਨੂੰ ਆਪਣੀ ਚਰਚਾ ਦਾ ਆਧਾਰ ਬਣਾਓ।

5. ਰਤਨ ਸਿੰਘ ਦੀ ਕਵਿਤਾ 'ਗੱਠਰੀ ਦਰਦ ਫ਼ਿਰਾਕ ਦੀ' **ਜਾਂ** ਜੋਗਾ ਸਿੰਘ ਰਚਿਤ ਕਵਿਤਾ 'ਮੁਨਸ਼ੀ ਖਾਂ' ਦੇ ਵਿਸ਼ਾ ਪੱਖ ਬਾਰੇ ਚਰਚਾ ਕਰੋ। 10

**ਭਾਗ ਚੌਥਾ**

6. ਸੁਰਜੀਤ ਪਾਤਰ ਦੀ ਕਵਿਤਾ 'ਧਰਤੀ' **ਜਾਂ** 'ਉਨ੍ਹਾਂ ਦਾ ਵਿਰਲਾਪ' ਦੇ ਕੇਂਦਰੀ ਭਾਵ ਬਾਰੇ ਵਿਸਥਾਰ ਸਹਿਤ ਆਪਣੇ ਵਿਚਾਰ ਲਿਖੋ। 15

ਜਾਂ

ਅਫ਼ਸਲ ਸਾਹਿਰ ਰਚਿਤ ਕਵਿਤਾ ਪਾਕਿਸਤਾਨ ਦੀ ਵਾਰ ਵਿਚਲੇ ਭਾਵਾਂ ਦੀ ਪੇਸ਼ਕਾਰੀ ਨੂੰ ਉਦਾਹਰਨ ਸਹਿਤ ਦੱਸੋ।

7. ਭੂਸਣ ਰਚਿਤ ਕਵਿਤਾ 'ਜਾਂਦੀ ਵਾਰ ਦਾ ਸੱਚ' ਕਿਸ ਵਿਸ਼ੇ ਨਾਲ ਸੰਬੰਧਿਤ ਕਵਿਤਾ ਹੈ? ਸਪੱਸ਼ਟ ਕਰੋ। 10

ਜਾਂ

ਹਰਵਿੰਦਰ ਸਿੰਘ ਭੱਟੀ ਦੀ ਕਵਿਤਾ ਵਿਚਲੀਆਂ ਹੇਠ ਲਿਖੀਆਂ ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

ਗੱਲ ਸੁਣ ਮਨ ਵਿਚ ਕਸਕ ਉੱਠੀ, ਇਨ੍ਹਾਂ ਦੁੱਖਾਂ ਦੀ ਗੱਲ ਸੁਣਾਉ ਕਿਹੜਾ।
ਗੀਤ ਗਾਉਣਗੇ ਲੋਕ ਸ਼ਿਕਾਰੀਆਂ ਦੇ, ਮਾਰੇ ਗਿਆਂ ਦੇ ਦਰਦ ਸੁਣਾਉ ਕਿਹੜਾ।
ਤਾਣੀ ਉਲਝਦੀ ਉਲਝਦੀ ਹੋਰ ਉਲਝੂ, ਤੰਦ ਫੜ ਕੇ ਇਹਨੂੰ ਸੁਲਝਾਉ ਕਿਹੜਾ।
ਬਿੰਦਰ ਸਿਆਂ ਦੁੱਖੜੇ ਗੁਜ਼ਰਿਆਂ ਦੇ, ਆਉਣ ਵਾਲ਼ਿਆਂ ਨੂੰ ਸਮਝਾਉ ਕਿਹੜਾ॥